# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ
3. ਰਾਜ ਦੇ ਸਮੂਹ ਸਕੂਲ ਇੰਚਾਰਜ ।

ਮੀਮੋ ਨੰ:ਐਸਐਸਏ/ਐਮਸੀ/2009/76472-76512
ਮਿਤੀ,ਚੰਡੀਗੜ੍ਹ 20 ਨਵੰਬਰ 2009

**ਵਿਸ਼ਾ:-** **ਮੋਨੀਟਰ ਡਾਇਰੀ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2.0 ਸਮੇਂ ਸਮੇਂ ਤੇ ਕੀਤੇ ਗਏ ਵੱਖ ਵੱਖ ਜ਼ਿਲ੍ਹਿਆਂ ਦੇ ਨਿਰੀਖਣ ਦੇ ਦੌਰਾਨ ਇਹ ਦੇਖਣ ਵਿਚ ਆਇਆ ਹੈ ਕਿ ਹੈੱਡ ਆਫ਼ਿਸ ਵੱਲੋਂ ਸਕੂਲਾਂ ਵਿੱਚ ਦਿੱਤੀ ਗਈ ਮੋਨੀਟਰ ਡਾਇਰੀ, ਵਿਦਿਆਰਥੀਆਂ ਵੱਲੋਂ ਤਾਂ ਬੜੇ ਉਤਸ਼ਾਹ ਅਤੇ ਜ਼ਿੰਮੇਵਾਰੀ ਨਾਲ ਲਿਖੀ ਜਾ ਰਹੀ ਹੈ ਪਰ ਸਕੂਲ ਮੁੱਖੀ ਵੱਲੋਂ ਮੋਨੀਟਰ ਡਾਇਰੀ ਤੇ ਕੋਈ ਪ੍ਰਤੀ ਹਸਤਾਖ਼ਰ ਜਾਂ ਕੋਈ ਟਿੱਪਣੀ ਨਹੀਂ ਦਿੱਤੀ ਜਾ ਰਹੀ।ਦੂਸਰਾ ਬਹੁਤ ਸਾਰੇ ਸਕੂਲਾਂ ਵਿੱਚ ਇਹ ਮੋਨੀਟਰ ਡਾਇਰੀ ਵਿਦਿਆਰਥੀਆਂ ਵੱਲੋਂ ਪੈਨਸਲ ਨਾਲ ਲਿਖੀ ਦੇਖੀ ਗਈ ਹੈ ਜੋ ਕਿ ਅਧਿਆਪਕ ਅਤੇ ਮੁੱਖੀ ਵੱਲੋਂ ਮੋਨੀਟਰ ਡਾਇਰੀ ਪ੍ਰਤੀ ਸੰਜੀਦਗੀ ਨਾ ਲੈਣ ਦਾ ਸੰਕੇਤ ਦਿੰਦੀ ਹੈ।

3.0 ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਸਕੂਲਾਂ ਵਿੱਚ ਚੱਲ ਰਹੀ ਮੋਨੀਟਰ ਡਾਇਰੀ ਵਿਦਿਆਰਥੀਆਂ ਨੂੰ ਪੈੱਨ ਨਾਲ ਲਿਖਣ ਦੀ ਹਦਾਇਤ ਕਰਨ ਅਤੇ ਸਕੂਲ ਮੁੱਖੀ ਵੱਲੋਂ ਨਿਯਮਿਤ ਰੂਪ ਵਿਚ ਮਿਤੀ ਪਾ ਕੇ, ਟਿੱਪਣੀ ਸਮੇਤ ਪ੍ਰਤੀ ਹਸਤਾਖ਼ਰ ਕੀਤੇ ਜਾਣ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ